ਨੰ: 3/54/91-2ਪੀਪੀ2/3453, ਮਿਤੀ 16.3.2001 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਵੱਲ ਦਿਵਾਵਾਂ, ਜਿਸ ਵਿਚ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮਾਂਵਲੀ, 1970 ਦੇ ਉਪਬੰਧਾਂ ਅਨੁਸਾਰ ਸ਼ੱਕੀ ਕਰਮਚਾਰੀ/ਅਧਿਕਾਰੀ ਨੂੰ ਦਿੱਤੀ ਜਾਣ ਵਾਲੀ ਚਾਰਜਸ਼ੀਟ ਦੇ ਖਰੜੇ ਨੂੰ ਕਾਨੂੰਨੀ ਅਧਿਕਾਰੀ ਪਾਸੋਂ ਵੈੱਟ ਕਰਵਾ ਕੇ ਸਬੰਧਤ ਨੂੰ ਜਾਰੀ ਕਰਨ ਉਪਰੰਤ, ਸਾਰਾ ਮੁਕੰਮਲ ਰਿਕਾਰਡ ਆਪਣੇ ਕਬਜੇ ਵਿਚ ਲੈਣ ਬਾਰੇ ਕਿਹਾ ਗਿਆ ਸੀ। ਇਹ ਵੀ ਹਦਾਇਤ ਕੀਤੀ ਗਈ ਸੀ ਕਿ ਸ਼ੱਕੀ ਕਰਮਚਾਰੀ ਨੂੰ ਚਾਰਜਸੀਟ/ਸਰਵ ਕਰਨ ਉਪਰੰਤ 15 ਦਿਨਾਂ ਵਿਚ ਜੇ ਉਤਰ ਪ੍ਰਾਪਤ ਨਾ ਹੋਵੇ ਤਾਂ ਚਿਤਾਵਨੀ ਪੱਤਰ ਜਾਰੀ ਕੀਤਾ ਜਾਵੇ ਅਤੇ ਫਿਰ ਵੀ ਜੇਕਰ ਜਵਾਬ ਮਿਥੇ ਸਮੇਂ ਭਾਵ 21 ਦਿਨਾਂ ਦੇ ਵਿਚ-ਵਿਚ ਪ੍ਰਾਪਤ ਨਹੀਂ ਹੁੰਦਾ ਤਾਂ ਉਤਰ ਦੀ ਉਡੀਕ ਹੋਰ 10 ਦਿਨ ਕਰਕੇ ਇਕ ਤਰਫਾ ਕਾਰਵਾਈ ਸ਼ੁਰੂ ਕੀਤੀ ਜਾਵੇ। ਇਸ ਉਪਰੰਤ ਪੜਤਾਲੀਆ ਅਫਸਰ ਵੱਲੋਂ ਇਸ ਤੇ ਹਰ ਪੱਖੋਂ ਮੁਕੰਮਲ ਕਰਨ ਲਈ ਤਿੰਨ ਮਹੀਨੇ ਅਤੇ ਸਮਰੱਥ ਅਧਿਕਾਰੀ ਵੱਲੋਂ ਇਸ ਤੇ ਹਰ ਪੱਖੋਂ ਮੁਕੰਮਲ ਕਾਰਵਾਈ ਕਰਦੇ ਹੋਏ ਅੰਤਿਮ ਫੈਸਲਾ ਲੈਣ ਲਈ 2 ਮਹੀਨੇ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਸੀ। ਇਸ ਤਰ੍ਹਾਂ ਮੁਕੰਮਲ ਕਾਰਵਾਈ, ਭਾਵ ਅੰਤਿਮ ਫੈਸਲਾ ਕਰਮਚਾਰੀ/ਅਧਿਕਾਰੀ ਨੂੰ ਚਾਰਜਸੀਟ ਜਾਰੀ/ਸਰਵ ਕਰਨ ਦੀ ਮਿਤੀ ਤੋਂ 6 ਮਹੀਨੇ ਦੇ ਅੰਦਰ ਅੰਦਰ ਕਰਨ ਲਈ ਹਦਾਇਤ ਕੀਤੀ ਗਈ ਸੀ

2. ਐਪਰ ਬਾਵਜੂਦ ਉਪਰੋਕਤ ਦੱਸੀਆਂ ਹਦਾਇਤਾਂ ਦੇ ਪੜਤਾਲਾਂ ਦਾ ਕੰਮ ਸਮਾਂ-ਬੱਧ ਤਰੀਕੇ ਵਿਚ ਨਹੀਂ ਨਜਿੱਠਿਆ ਜਾ ਰਿਹਾ, ਜਿਸ ਦੇ ਸਿੱਟੇ ਵਜੋਂ ਸਬੰਧਿਤ ਕਰਮਚਾਰੀਆਂ/ਅਧਿਕਾਰੀਆਂ ਨੂੰ ਸਮੇਂ ਸਿਰ ਇਨਸਾਫ ਨਹੀਂ ਮਿਲਦਾ ਅਤੇ ਦੋਸ਼ੀ ਕਰਮਚਾਰੀ ਸਜ਼ਾ ਤੋਂ ਬਚੇ ਰਹਿੰਦੇ ਹਨ ਅਤੇ ਕਈ ਵਾਰ ਸ਼ੱਕੀ ਕਰਮਚਾਰੀਆਂ ਨੂੰ ਤਰੱਕੀ ਅਤੇ ਰਿਟਾਇਰਮੈਂਟ ਲਾਭ ਪ੍ਰਾਪਤ ਕਰਨ ਹਿੱਤ ਕੋਰਟ ਕੇਸ ਕਰਨੇ ਪੈਂਦੇ ਹਨ ਜਿਸ ਕਾਰਨ ਸਰਕਾਰ ਦੀ ਪੱਧਰ ਤੇ ਬੇਲੋੜੀ ਲਿਖਾ-ਪੜ੍ਹੀ ਵੱਧਦੀ ਹੈ ਅਤੇ ਕਾਫੀ ਸਮਾਂ ਨਸ਼ਟ ਹੁੰਦਾ ਹੈ। ਸਰਕਾਰ ਨੇ ਇਸ ਸਥਿਤੀ ਦਾ ਗੰਭੀਰ ਨੋਟਿਸ ਲਿਆ ਹੈ।

3. ਉਪਰੋਕਤ ਪ੍ਰੇਖਣਾ ਦੇ ਸਨਮੁੱਖ ਸਮੂਹ ਵਿਭਾਗੀ ਅਧਿਕਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿਭਾਗੀ ਪੜਤਾਲਾਂ ਦਾ ਕੰਮ ਤੇਜ਼ੀ ਨਾਲ ਅਤੇ ਨਿਰਧਾਰਤ ਸਮੇਂ ਦੇ ਵਿਚ-ਵਿਚ ਨਿਪਟਾਰਾ ਕਰਦੇ ਹੋਏ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**Copy of Punjab Government circular letter No. 7/60/06/5PP1/7679, dated 5th June, 2007 from the Department of Personnel, addressed to all the Heads of the Department etc. in the State of Punjab.**

***Subject :*** ***Recommendation of the 4th Pay Commiossion/Implementation of "Assured Career progres sion Scheme" for the catagories wherfe there is a direct recruitment in the existing pay scale of 2200-4000 as on 31st December, 1995-and consideration of cases opf persons appointed by promotion to the post of categories mentioned in Annexure 'A' also.***

**Sir/Madam,**

I am directed to refer to this department circular letter No. 7/84/98-5PP1/4426, dated 17.4.2000 on the subject noted above and to say that this department has been receiving references from various departments for clarification as to whether the persons appointed by promotion to the post of catagories mentioned in Annexure 'A' of the said instructions are also eligible for benefit under these instructions. After considering the matter in consultation with the Department of Finance, it has been decided to clarify that the Persons appointed by promotion to the postg of categories mentioned in Annexure 'A' are also eligible for benefit under these instructions.

2. This issue with the concurrence of the Department of Finance conveyed vide their I.D. 10/51/2006-4FP2/2575 datged 07.02.2007.

**ਪ੍ਰੋਸੋਨਲ ਵਿਭਾਗ, ਪੰਜਾਬ ਵੱਲੋਂ ਜਾਰੀ ਗਸ਼ਤੀ ਪੱਤਰ ਨੰ: 14/26/2003-4ਪੀਪੀ3/10082 ਮਿਤੀ 5 ਜੁਲਾਈ, 2007 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਿਤ ਹੈ।**

***ਵਿਸ਼ਾ:*** ***ਦਫਤਰਾਂ ਵਿਚ ਸਮੇਂ ਦੀ ਪਾਬੰਦੀ ਨੂੰ ਯਕੀਨੀ ਬਣਾਉਣ ਬਾਰੇ।***

**ਸ੍ਰੀਮਾਨ/ਸ੍ਰੀਮਤੀ ਜੀ,**

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 14/21/95-4ਪੀਪੀ3/13729, ਮਿਤੀ 20.7.1995, ਪੱਤਰ ਨੰ: 14/21/95-4ਪੀਪੀ3/17823, ਮਿਤੀ 29.8.1997, ਪੱਤਰ ਨੰ: 14/21/95-4ਪੀਪੀ3/2704, ਮਿਤੀ 11.3.1998, ਪੱਤਰ ਨੰ: 14/21/95-4ਪੀਪੀ3/10714, ਮਿਤੀ 10.8.1998, ਪੱਤਰ ਨੰ: 14/21/95-4ਪੀਪੀ3/5372, ਮਿਤੀ